Translate below sentences into PUNJABI

| | |
|---|---|
| I am a girl. | I am a student. |
| I am a boy. | I am a student. |
| Mrs. Balvir Kaur is a teacher. | Mr. Abhi is a Doctor. |
| She is a woman. | He is a man. |
| She is my friend. | He is my friend. |
| It is a tree. | They are musicians. |
| It is a cute puppy. | They are Singers. |
| He is a tall boy. | They are animals. |
| It is a fat cat. | We are football players. |
| He is wearing a blue shirt. | You are a police officer. |
| Balloons are red, yellow, and green. | I bought a green pant . |
| His leg is broken. | Their hands are long. |
| Her cat was black. | His horse will be white. |
| Ladies are cooking. | Girls are strong. |
| Boys were drinking water. | Her grandparents are sick. |
| Vansh is lazy. | Arleen is tall. |
| Jaiveer is a good kid. | Fateh was late. |
| Uttam was not listening. | Arsh was sleeping. |
| Why he was sad? | Why glass is empty? |
| Why it is cold? | Who is hungry? |
| Truck is very long. | Car runs very fast. |
| They were angry. | Girls will be singing. |
| My parents are getting old. | My mom will be cleaning dishes. |

Make sentences using verbs

| | |
|---|---|
| ਮੈਂ ਹਾਂ। | I am |
| ਅਸੀਂ ਹਾਂ। | we are |
| ਤੂੰ ਹੈਂ। | you (singular) are |
| ਤੁਸੀਂ ਹੋ। | you are |
| ਉਹ ਹੈ। | (he, she, it ) is |
| ਉਹ ਹਨ। | they are |

Read below story and write in your own

# 8. ਕਮਲਜੀਤ ਦਾ ਕੁੱਤਾ

ਇਹ ਕੁੱਤੇ ਦੀ ਤਸਵੀਰ ਹੈ। ਇਹ ਕੁੱਤਾ ਕਮਲਜੀਤ ਦਾ ਹੈ। ਇਸ ਦਾ ਨਾਂ ਪੀਟਰ ਹੈ। ਇਸ ਦਾ ਰੰਗ ਕਾਲਾ ਹੈ। ਇਸ ਦੀਆਂ ਚਾਰ ਲੱਤਾਂ, ਦੋ ਅੱਖਾਂ, ਦੋ ਕੰਨ ਅਤੇ ਇੱਕ ਪੂਛ ਹੈ।

ਕਮਲਜੀਤ ਪੀਟਰ ਨਾਲ ਬਹੁਤ ਪਿਆਰ ਕਰਦੀ ਹੈ। ਉਹ ਪੀਟਰ ਨੂੰ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਬਾਹਰ ਸੈਰ ਕਰਨ ਲਈ ਲੈ ਕੇ ਜਾਂਦੀ ਹੈ। ਪੀਟਰ ਦਾ ਇੱਕ ਛੋਟਾ ਜਿਹਾ ਲੱਕੜ ਦਾ ਕਮਰਾ ਹੈ। ਪੀਟਰ ਆਪਣੇ ਕਮਰੇ ਵਿੱਚ ਸੌਂਦਾ ਹੈ। ਕਮਲਜੀਤ ਪੀਟਰ ਦੇ ਕਮਰੇ ਨੂੰ ਹਰ ਰੋਜ਼ ਸਾਫ਼ ਕਰਦੀ ਹੈ।

ਪੀਟਰ ਕਮਲਜੀਤ ਦੇ ਘਰ ਦੀ ਰਾਖੀ ਕਰਦਾ ਹੈ। ਜਦੋਂ ਵੀ ਕੋਈ ਦੂਸਰਾ ਆਦਮੀ ਕਮਲਜੀਤ ਦੇ ਘਰ ਆਉਂਦਾ ਹੈ ਤਾਂ ਪੀਟਰ ਭੌਂਕਣਾ ਸ਼ੁਰੂ ਕਰ ਦਿੰਦਾ ਹੈ। ਕਿਸੇ ਚੋਰ ਨੂੰ ਘਰ ਨਹੀਂ ਆਉਣ ਦਿੰਦਾ।

ਕਮਲਜੀਤ ਪੀਟਰ ਨੂੰ ਕਈ ਕਿਸਮ ਦਾ ਖਾਣਾ ਖਾਣ ਲਈ ਦਿੰਦੀ ਹੈ। ਪਰ ਪੀਟਰ ਮੀਟ ਖਾਣਾ ਸਭ ਤੋਂ ਵੱਧ ਪਸੰਦ ਕਰਦਾ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ :
   Answer the following questions in Panjabi :
   1) ਕਮਲਜੀਤ ਦੇ ਕੁੱਤੇ ਦਾ ਕੀ ਨਾਂ ਹੈ ?
   2) ਉਸ ਦਾ ਰੰਗ ਕੀ ਹੈ ?
   3) ਕਮਲਜੀਤ ਪੀਟਰ ਨੂੰ ਸਵੇਰੇ ਤੇ ਸ਼ਾਮ ਕਿੱਥੇ ਲੈ ਕੇ ਜਾਂਦੀ ਹੈ ?
   4) ਪੀਟਰ ਕਿੱਥੇ ਸੌਂਦਾ ਹੈ ?
   5) ਪੀਟਰ ਦੇ ਕਮਰੇ ਨੂੰ ਕੌਣ ਸਾਫ਼ ਕਰਦਾ ਹੈ ?
   6) ਪੀਟਰ ਕਿਸ ਨੂੰ ਘਰ ਨਹੀਂ ਆਉਣ ਦਿੰਦਾ ?
   7) ਪੀਟਰ ਸਭ ਤੋਂ ਵੱਧ ਕੀ ਖਾਣਾ ਪਸੰਦ ਕਰਦਾ ਹੈ ?
2. ਪੀਟਰ ਦੀ ਤਸਵੀਰ ਬਣਾਓ ਅਤੇ ਇਸ ਬਾਰੇ ਕੋਈ ਪੰਜ ਗੱਲਾਂ ਆਪਣੀ ਕਾਪੀ ਵਿੱਚ ਲਿਖੋ।
3. ਖ਼ਾਲੀ ਥਾਵਾਂ ਭਰੋ :
   Fill in the blank spaces :
   1) ਪੀਟਰ ਦਾ ਰੰਗ..............ਹੈ।
   2) ਪੀਟਰ ਦਾ ਇੱਕ ਛੋਟਾ ਜਿਹਾ ਲੱਕੜ ਦਾ..............ਹੈ।
   3) ਪੀਟਰ ਕਮਲਜੀਤ ਦੇ............ਦੀ ਰਾਖੀ ਕਰਦਾ ਹੈ।
   4) ਕਮਲਜੀਤ ਪੀਟਰ ਦੇ ਕਮਰੇ ਨੂੰ ਹਰ ਰੋਜ਼...........ਕਰਦੀ ਹੈ।
   5) ਪੀਟਰ............ਖਾਣਾ ਸਭ ਤੋਂ ਵੱਧ ਪਸੰਦ ਕਰਦਾ ਹੈ।
4. Answer t... :
   (i) ... the name of Kamaljit's dog ...
   ... hat ... lour ?
   ... Where does ... take Peter in the mo... and in the evening ?
   ... Where does Peter sleep ...
   ... o cleans Peter's room ?
   (vi) W... n't Peter let come h...
   (vii) What does ... most ?

SIKHBOOKCLUB.COM

Review for mid –term exam.

Virsa homework:

Read ਘਰ ਆਇਆ, ਮਾਂ ਪਿਉ ਜਾਇਆ sakhi and write a summary in your own words.

Read ਹੱਕ ਦੀ ਕਮਾਈ Sakhi and write a summary in your own words.

Study memorize History questions 1-160 there will be a written test on HQ’s.

Enjoy your Thanksgiving break

☺

# ਹੱਕ ਦੀ ਕਮਾਈ

ਗੁਰੂ ਜੀ ਲਾਹੌਰ ਵਿਚ ਹੱਕ ਦੀ ਕਮਾਈ ਦੀ ਵਿਸ਼ੇਸ਼ਤਾ ਦੱਸ ਕੇ ਮਾਤਾ ਪਿਤਾ ਨੂੰ ਮਿਲਣ ਤਲਵੰਡੀ ਆਏ। ਉਨ੍ਹਾਂ ਪਾਸੋਂ ਆਗਿਆ ਲੈ ਕੇ ਉਨ੍ਹਾਂ ਭਾਈ ਮਰਦਾਨੇ ਨੂੰ ਨਾਲ ਲਿਆ ਅਤੇ ਹਿੰਦੂ ਤੀਰਥਾਂ ਦੀ ਲੰਬੀ ਫੇਰੀ ਉੱਪਰ ਚਲ ਪਏ। ਤਲਵੰਡੀ ਤੋਂ ਚੱਲ ਕੇ ਦੋਵੇਂ ਭਾਈ ਲਾਲੋ ਦੇ ਕਾਰਖ਼ਾਨੇ ਸੈਦਪੁਰ ਪੁੱਜੇ, ਜਿਸ ਨੂੰ ਅੱਜ-ਕੱਲ੍ਹ ਐਮਨਾਬਾਦ ਕਹਿੰਦੇ ਹਨ। ਭਾਈ ਲਾਲੋ ਨੇ ਜਦੋਂ ਦੋ ਪ੍ਰਦੇਸੀ ਸਾਧੂਆਂ ਨੂੰ ਆਪਣੇ ਵੱਲ ਆਉਂਦੇ ਤੱਕਿਆ ਤਾਂ ਉਸ ਨੇ ਹੱਥ ਵਿਚਲਾ ਕੰਮ ਛੱਡ ਕੇ ਉਨ੍ਹਾਂ ਲਈ ਮੰਜਾ ਵਿਛਾ ਦਿੱਤਾ। ਖਾਣੇ ਦਾ ਵੇਲਾ ਸੀ। ਭਾਈ ਲਾਲੋ ਨੇ ਖਾਣਾ ਤਿਆਰ ਕਰ ਕੇ ਗੁਰੂ ਜੀ ਨੂੰ ਰਸੋਈ ਵਿਚ ਬੈਠ ਕੇ ਖਾਣਾ ਖਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, "ਭਾਈ ਲਾਲੋ, ਸਾਡੇ ਲਈ ਹਰ ਥਾਂ ਪਵਿੱਤਰ ਹੈ। ਖਾਣਾ ਏਥੇ ਹੀ ਲੈ ਆ।" ਭਾਈ ਲਾਲੋ ਗੁਰੂ ਜੀ ਦਾ ਹੁਕਮ ਮੰਨ ਕੇ ਖਾਣਾ ਉਨ੍ਹਾਂ ਪਾਸ ਲੈ ਆਇਆ। ਗੁਰੂ ਜੀ ਦੇ ਕਹਿਣ ਉੱਪਰ ਭਾਈ ਮਰਦਾਨੇ ਨੇ ਖਾਣੇ ਦੇ ਤਿੰਨ ਹਿੱਸੇ ਕੀਤੇ ਅਤੇ ਸਾਰਿਆਂ ਇਕ ਥਾਂ ਬੈਠ ਕੇ ਖਾਧਾ। ਖਾਣਾ ਖਾਣ ਪਿੱਛੋਂ ਭਾਈ ਮਰਦਾਨੇ ਨੇ ਪੁੱਛਿਆ, "ਗੁਰੂ ਜੀ, ਇਸ ਖਾਣੇ ਵਿਚ ਅੰਮ੍ਰਿਤ ਦਾ ਸਵਾਦ ਆ ਰਿਹਾ ਸੀ। ਇਸ ਵਿਚ ਕੀ ਪਾਇਆ ਸੀ ?" ਗੁਰੂ ਜੀ ਨੇ ਉੱਤਰ ਦਿੱਤਾ, "ਭਾਈ ਮਰਦਾਨਿਆ, ਇਹ ਹੱਕ ਹਲਾਲ ਦੀ ਕਮਾਈ ਦਾ ਸਵਾਦ ਸੀ ਜਿਹੜਾ ਤੂੰ ਇਸ ਖਾਣੇ ਵਿਚ ਚੱਖਿਆ ਸੀ। ਇਹ ਸਵਾਦ ਦੁਨਿਆਵੀ ਪਦਾਰਥਾਂ ਦੇ ਸਵਾਦਾਂ ਤੋਂ ਉੱਪਰ ਹੈ।"

ਤੀਜੇ ਦਿਨ ਗੁਰੂ ਜੀ ਜਾਣ ਲਈ ਤਿਆਰ ਹੋਏ ਤਾਂ ਭਾਈ ਲਾਲੋ ਨੇ ਬੇਨਤੀ ਕਰ ਕੇ ਇੱਕ ਮਹੀਨੇ ਲਈ ਰੱਖ ਲਿਆ। ਗੁਰੂ ਜੀ ਅਤੇ ਭਾਈ ਲਾਲੋ ਇੱਕ ਦੂਜੇ ਨੂੰ ਇਸ ਤਰ੍ਹਾਂ ਕਰਤਾਰ ਦੀਆਂ ਗੱਲਾਂ-ਬਾਤਾਂ ਦੱਸਦੇ ਜਿਵੇਂ ਇੱਕ ਦੁਖੀ ਆਦਮੀ ਆਪਣੇ ਦੁੱਖ ਦੂਜੇ ਨੂੰ ਦੱਸਦਾ ਹੈ। ਇੱਕ ਦਿਨ ਸ਼ਹਿਰ ਦੇ ਇੱਕ ਵੱਡੇ ਸਰਕਾਰੀ ਕਰਮਚਾਰੀ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ। ਉਸਨੇ ਗੁਰੂ ਜੀ ਨੂੰ ਵੀ ਬ੍ਰਹਮ ਭੋਜ ਵਿਚ ਆਉਣ ਲਈ ਸੱਦਾ ਭੇਜਿਆ। ਗੁਰੂ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ, "ਅਸੀਂ ਤਾਂ ਫ਼ਕੀਰ ਹਾਂ। ਸਾਡਾ ਬ੍ਰਹਮ ਭੋਜ ਨਾਲ ਕੀ ਵਾਸਤਾ।"

ਮਲਕ ਭਾਗੋ ਦੇ ਦੁਬਾਰਾ ਸੱਦਾ ਭੇਜਣ ਉੱਪਰ, ਗੁਰੂ ਜੀ ਭਾਈ ਲਾਲੋ ਨੂੰ ਨਾਲ ਲੈ ਕੇ ਬ੍ਰਹਮ ਭੋਜ ਵਿਚ ਪੁੱਜ ਗਏ। ਮਲਕ ਭਾਗੋ ਨੇ ਬੜੇ ਗ਼ੁੱਸੇ ਵਿਚ ਗੁਰੂ ਜੀ ਨੂੰ ਕਿਹਾ, "ਤੂੰ ਇਕ ਸ਼ੂਦਰ ਤਰਖਾਣ ਦੇ ਘਰ ਸੁੱਕੀਆਂ ਰੋਟੀਆਂ ਖਾ ਕੇ, ਕਸ਼ੱਤ੍ਰੀਆਂ ਦੀ ਬੇਇਜ਼ਤੀ ਕਰ ਰਿਹਾ ਹੈਂ। ਮੈਂ ਤੈਨੂੰ ਇਸ ਬ੍ਰਹਮ ਭੋਜ ਵਿਚ ਸੱਦਿਆ ਜਿਸ ਵਿਚ ਕੜਾਹ ਪੂੜੇ ਹਨ। ਇਹ ਖਾਣ ਤੋਂ ਤੂੰ ਨਾਂਹ ਕਿਉਂ ਕਰ ਰਿਹਾ ਹੈਂ ?" ਗੁਰੂ ਜੀ ਨੇ ਮਲਕ ਭਾਗੋ ਨੂੰ ਸਮਝਾਉਣ ਲਈ, ਸੱਜੇ ਹੱਥ ਵਿਚ ਭਾਈ ਲਾਲੋ ਦੀ ਸੁੱਕੀ ਰੋਟੀ ਫੜ ਲਈ ਅਤੇ ਖੱਬੇ ਹੱਥ ਵਿਚ ਮਲਕ ਭਾਗੋ ਦਾ ਪੂੜਾ ਫੜ ਲਿਆ। ਸੱਜਾ ਹੱਥ ਗ਼ਰੀਬਾਂ ਵੱਲ ਕਰ ਕੇ ਘੁੱਟਿਆ ਤਾਂ ਲੋਕਾਂ ਦੇਖਿਆ ਕਿ ਉਸ ਵਿੱਚੋਂ ਹੱਕ ਹਲਾਲ ਦੀ ਕਮਾਈ ਦਾ ਦੁੱਧ ਚੋ ਰਿਹਾ ਸੀ। ਗੁਰੂ ਜੀ ਨੇ ਜਦੋਂ ਖੱਬੇ ਹੱਥ ਵਾਲਾ ਪੂੜਾ ਅਮੀਰਾਂ ਵੱਲ ਕਰ ਕੇ ਘੁੱਟਿਆ ਤਾਂ ਉਸ ਵਿੱਚੋਂ ਦੇਖਣ ਵਾਲਿਆਂ ਨੂੰ ਖ਼ੂਨ ਵਗਦਾ ਨਜ਼ਰ ਆਇਆ।

ਗੁਰੂ ਜੀ ਨੇ ਕਿਹਾ, "ਦੇਖ ਮਲਕ ਭਾਗੋ, ਗ਼ਰੀਬਾਂ ਉੱਪਰ ਜ਼ੁਲਮ ਕਰ ਕੇ ਇਕੱਠਾ ਕੀਤਾ ਧਨ ਉਨ੍ਹਾਂ ਦਾ ਖ਼ੂਨ ਚੂਸਣ ਦੇ ਬਰਾਬਰ ਹੈ। ਗ਼ਰੀਬਾਂ ਪਾਸੋਂ ਇਸ ਤਰ੍ਹਾਂ ਇਕੱਠਾ ਕੀਤਾ ਧਨ, ਪੁੰਨ ਕਰਨ ਨਾਲ ਪਵਿੱਤਰ ਨਹੀਂ ਬਣਦਾ। ਉਹ ਕਮਾਇਆ ਧਨ, ਗ਼ਰੀਬਾਂ ਦਾ ਖ਼ੂਨ ਹੀ ਰਹਿੰਦਾ ਹੈ। ਤੂੰ ਮੈਨੂੰ ਦੁੱਧ ਵਰਗੀ ਪਵਿੱਤਰ ਵਸਤੂ ਛੱਡ ਕੇ ਖ਼ੂਨ ਪੀਣ ਦਾ ਸੱਦਾ ਦਿੱਤਾ ਸੀ। ਇਹ ਮੈਂ ਕਿਵੇਂ ਸਵੀਕਾਰ ਕਰ ਸਕਦਾ ਸੀ?" ਇਹ ਸੁਣ ਕੇ ਮਲਕ ਭਾਗੋ ਚੁੱਪ ਕਰ ਗਿਆ।